## **ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
ਐਸ.ਸੀ.ਓ. ਨੰ. 104-106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
3. ਸਮੂਹ ਬਲਾਕ **ਪ੍ਰ**ਾਇਮਰੀ ਸਿੱਖਿਆ ਅਫਸਰ, ਪੰਜਾਬ (ਵੈ**ਬਸ**ਾਇਟ ਰਾਹੀਂ)
4. ਸਮੂਹ ਸਕੂਲ ਮੱਖੀ, ਪੰਜਾਬ (ਵੈ**ਬਸ**ਾਇਟ ਰਾਹੀਂ)
5. ਸਮੂਹ ਸੈ**ਂਟਰ ਹੈ**ਡ ਟੀਚ**ਰ**, ਪੰਜਾਬ (ਵੈ**ਬਸ**ਾਇਟ ਰਾਹੀਂ)

ਮੀਮੋ ਨੰ ਸਸਅ/ਕੋਆਰਡੀਨੇਸ਼ਨ/10/44726
ਮਿਤੀ ਚੰਡੀਗੜ੍ਹ 30.06.2010

**ਵਿਸ਼ਾ:** **ਸਵੇਰ ਦੀ ਪ੍ਰਾਰਥਨਾ ਸਭਾ ਤੋਂ ਪਹਿਲਾਂ ਸਕੂਲ ਵਿੱਚ ਲੱਗਣ ਵਾਲੀ ਪਹਿਲੀ ਘੰਟੀ ਸਬੰਧੀ।**

**ਹਵਾਲਾ:** **ਮੀਮੋ ਨੰ ਸਸਅ/ਕੋਆਰਡੀਨੇਸ਼ਨ/09/51355-421, ਮਿਤੀ: 07.07.09**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਵੱਖ ਵੱਖ ਸਮੇਂ ਸਿਰ ਡਵੀਜ਼ਨਲ ਪੱਧਰ ਦੀਆ ਇੰਨਸਪੈਕਸ਼ਨ ਟੀਮਾਂ ਅਤੇ ਜ਼ਿਲ੍ਹਾ ਪੱਧਰ ਦੀਆ ਨਿਰੀਖਣ ਟੀਮਾਂ ਵਲੋ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪਹਿਲੀ ਘੰਟੀ ਦੀ ਜੋ ਪ੍ਰਥਾ ਸੀ, ਉਹ ਹੁਣ ਬਿਲਕੁਲ ਖਤਮ ਹੁੰਦੀ ਜਾ ਰਹੀਂ ਹੈ ਅਤੇ ਕਿਸੀ ਵੀ ਸਕੂਲ ਵੱਲੋ ਕੋਈ ਵੀ ਪਹਿਲੀ ਘੰਟੀ ਸਕੂਲ ਲੱਗਣ ਦੇ ਸਮੇ ਨਹੀਂ ਦਿੱਤੀ ਜਾਂਦੀ ਜਿਸ ਕਰਕੇ ਬੱਚਿਆ ਨੂੰ ਸਕੂਲ ਲੱਗਣ ਦੇ ਸਮੇ ਬਾਰੇ ਪਤਾ ਨਹੀਂ ਲੱਗਦਾ। ਆਪ ਜੀ ਨੂੰ ਪਤਾ ਹੋਵੇਗਾ ਕਿ ਪਹਿਲਾਂ ਸਕੂਲ ਨੂੰ ਸ਼ੁਰੂ ਕਰਨ ਲਈ ਦੋ ਘੰਟੀਆਂ ਦੀ ਚੰਗੀ ਪ੍ਰਥਾ ਸੀ। ਪਹਿਲੀ ਘੰਟੀ ਸਕੂਲ ਅਤੇ ਅਧਿਆਪਕਾਂ ਲਈ wake up call ਦੇ ਤੌਰ ਤੇ ਹੁੰਦੀ ਸੀ ਤਾਂ ਜੋ ਦੂਜੀ ਘੰਟੀ ਵੱਜਦੇ ਹੀ ਸਾਰੇ ਅਧਿਆਪਕ ਅਤੇ ਬੱਚੇ ਸਕੂਲ ਪਹੁੰਚ ਜਾਣ ਤਾਂ ਜੋ ਉਹ ਸਵੇਰ ਦੀ ਸਭਾ ਅਤੇ ਪ੍ਰਾਰਥਨਾ ਲਈ ਤਿਆਰ ਹੋ ਜਾਣ।

3.0 ਆਪ ਜੀ ਨੂੰ ਇਸ ਵਿਸ਼ੇ ਤੇ ਇੱਕ ਵਾਰੀ ਮੁੜ ਲਿਖਿਆ ਜਾਂਦਾ ਹੈ ਕਿ ਆਪਣੇ ਆਪਣੇ ਜ਼ਿਲ੍ਹੇ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ ਸਕੂਲਾਂ ਦੇ ਵਿੱਚ ਸਕੂਲ ਲੱਗਣ ਵੇਲੇ ਸਕੂਲ ਸਮੇ ਤੋ ਦਸ ਮਿੰਟ ਪਹਿਲਾਂ ਪਹਿਲੀ ਘੰਟੀ ਦਿੱਤੀ ਜਾਵੇ ਅਤੇ ਸਕੂਲ ਦੇ ਸਮੇ ਤੇ ਦੂਜੀ ਘੰਟੀ ਦਿੱਤੀ ਜਾਵੇ। ਦੂਜੀ ਘੰਟੀ ਤੋ ਤੁਰੰਤ ਬਾਅਦ ਸਵੇਰ ਦੀ ਪ੍ਰਾਰਥਨਾ ਆਰੰਭੀ ਜਾਵੇ ਜਿਸ ਵਿੱਚ ਸਕੂਲ ਦੇ ਮੁੱਖੀ ਅਤੇ ਸਾਰੇ ਅਧਿਆਪਕਾਂ ਦਾ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ। ਸਵੇਰ

ਦੀ ਸਭਾ ਅਤੇ ਪ੍ਰਾਰਥਨਾ ਦੇ ਵਿੱਚ ਸਕੂਲ ਮੁੱਖੀ ਜਾਂ ਅਧਿਆਪਕ ਵੱਲੋ ਹਰ ਰੋਜ਼ ਪੰਜ ਮਿੰਟ ਲਈ ਕਿਸੀ ਇੱਕ ਚੰਗੇ ਮੁੱਦੇ ਤੇ ਵਿਦਿਆਰਥੀਆਂ ਨੂੰ ਜਾਣੂ ਵੀ ਕਰਵਾਇਆ ਜਾਵੇ।

4.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਸਬੰਧ ਵਿੱਚ ਲੋੜੀਂਦੀਆਂ ਹਦਾਇਤਾਂ ਸਾਰੇ ਸਕੂਲਾਂ ਨੂੰ ਜਾਰੀ ਕੀਤੀਆ ਜਾਣ ਅਤੇ ਇਨ੍ਹਾਂ ਹਦਾਇਤਾਂ ਦੀ ਪਾਲਨਾ ਨੂੰ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ

ਉਤਾਰਾ :

1. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ
2. ਸਮੂਹ ਮੰਡਲ ਅਤੇ ਜ਼ਿਲ੍ਹਾ ਪੱਧਰ ਦੀਆ ਇੰਨਸਪੈਕਸ਼ਨ ਟੀਮਾਂ
3. ਡੀ.ਐਮ. ਐਮ ਆਈ ਐਸ (ਵੈਬ ਸਾਈਟ ਲਈ)
4. ਪੀ.ਏ. / ਡੀ.ਜੀ.ਐਸ.ਈ.